# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 11 ਮਈ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪ੍ਰਜਾਪਤੀ ਸਮਾਜ ਦੇ ਪੰਜਾਬ ਭਰ ਵਿੱਚੋਂ ਅਵੱਲ ਆਏ ਵਿਦਿਆਰਥੀਆਂ ਦਾ ਕੀਤਾ ਗਿਆ ਸਨਮਾਨ

### ਅੱਜ ਦੇ ਸਮੇਂ 'ਚ ਲੜਕੀਆਂ ਕਿਸੇ ਵੀ ਖੇਤਰ 'ਚ ਲੜਕਿਆਂ ਨਾਲੋਂ ਘੱਟ ਨਹੀਂ : ਬਲਵਿੰਦਰ ਸਿੰਘ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ


ਕੋਟਕਪੂਰਾ, 11 ਮਈ : ਪੰਜਾਬ ਭਰ ਦੇ ਵੱਖ-ਵੱਖ ਜਿਲਿਆਂ ਵਿੱਚ ਪੜਾਈ ਦੇ ਖੇਤਰ ਵਿੱਚ ਅਵਲ ਰਹਿਣ ਵਾਲੇ ਵਿਦਿਆਰਥੀ/ਵਿਦਿਆਰਥਣਾ ਦਾ ਵਿਸ਼ੇਸ਼ ਸਨਮਾਨ ਕਰਨ ਲਈ ਬੀਤੇ ਦਿਨੀ ਪ੍ਰਜਾਪਤੀ ਭਵਨ ਵਿਖੇ ਪੰਜਾਬ ਪ੍ਰਜਾਪਤੀ ਸਭਾ ਰਜਿਸਟਰ ਜਲੰਧਰ ਵੱਲੋਂ ਸਭਾ ਦੇ ਪ੍ਰਧਾਨ ਬਲਵਿੰਦਰ ਸਿੰਘ ਸ਼ਰੀਂਹ ਅਤੇ ਸਰਪ੍ਰਸਤ ਸ਼ਿਵਦੇਵ ਸਿੰਘ ਵਹੇਗਲ ਦੀ ਅਗਵਾਈ ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਰੱਖਿਆ ਗਿਆ। ਇਸ ਸਨਮਾਨ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਸ੍ਰੀ ਬਾਲ ਕ੍ਰਿਸ਼ਨ ਜੀ ਫੌਜੀ ਚੇਅਰਮੈਨ ਪਰਜਾਪਤੀ ਭਲਾਈ ਬੋਰਡ ਪੰਜਾਬ ਅਤੇ ਡਾ. ਰਾਮ ਕੁਮਾਰ ਜੀ ਗੋਇਲ ਸਾਬਕਾ ਵਿਧਾਇਕ ਅਬਹਰ ਸਨ। ਇਹ ਸਨਮਾਨ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਓਬੀਸੀ ਅਧਿਕਾਰ ਚੇਤਨਾ ਮੰਚ ਪੰਜਾਬ ਦੇ ਸੂਬਾ ਪ੍ਰਧਾਨ ਗੁਰਮੀਤ ਸਿੰਘ ਪਰਜਾਪਤੀ ਨੇ ਕਿਹਾ ਕਿ ਪਰਜਾਪਤੀ ਸਮਾਜ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਤੌਰ 'ਤੇ ਬਹੁਤ ਹੀ ਪਛੜਿਆ ਹੋਇਆ ਸਮਾਜ ਹੈ ਇਸ ਸਮਾਜ ਦੇ ਲੋਕਾਂ ਨੂੰ ਪਹਿਲਾਂ ਪੜ੍ਹਨ ਲਿਖਣ ਦਾ ਮੌਕਾ ਹੀ ਨਹੀਂ ਮਿਲਿਆ ਜਦਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੁਆਰਾ ਲਿਖੇ ਗਏ ਸੰਵਿਧਾਨ ਤਹਿਤ ਜਦੋਂ ਤੋਂ ਪਛੜੇ ਵਰਗ ਦੇ ਵਿਦਿਆਰਥੀਆਂ ਨੂੰ ਪੜਨ ਦੇ ਮੌਕੇ ਮਿਲਣ ਲੱਗੇ ਤਾਂ ਇਸ ਪਛੜੇ ਵਰਗ ਦੇ ਬੱਚਿਆਂ ਵੱਲੋਂ ਵੀ ਪੰਜਾਬ ਪੱਧਰ 'ਤੇ ਬਹੁਤ ਵੱਡੀਆਂ ਮੱਲਾਂ ਮਾਰੀਆਂ ਗਈਆਂ। ਗੁਰਮੀਤ ਸਿੰਘ ਪ੍ਰਜਾਪਤੀ ਵਲੋਂ ਪੰਜਾਬ ਅਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚ




ਅਵੱਲ ਦਰਜ਼ਾ ਹਾਸਲ ਕਰਕੇ ਪ੍ਰਜਾਪਤੀ ਸਮਾਜ ਦਾ ਨਾਮ ਰੋਸ਼ਨ ਕਰਨ ਵਾਲੇ ਵਿਦਿਆਰਥੀਆਂ, ਅਧਿਆਪਕਾਂ, ਅਤੇ ਮਾਪਿਆਂ ਨੂੰ ਵਧਾਈ ਦਿੱਤੀ ਗਈ। ਇਸ ਸਨਮਾਨ ਸਮਾਰੋਹ ਦੌਰਾਨ ਤਮੰਨਾ ਪਰਜਾਪਤੀ ਪੁੱਤਰੀ ਸ੍ਰੀ ਨਰਿੰਦਰ ਕੁਮਾਰ ਪਰਜਾਪਤੀ ਵਾਸੀ ਜੈਤੋ ਵੱਲੋਂ ਅੱਠਵੀਂ ਕਲਾਸ ਵਿੱਚ ਪੰਜਾਬ ਭਰ ਵਿੱਚੋਂ ਅਵੱਲ ਦਰਜ਼ਾ ਹਾਸਲ ਕਰਨ ਤੇ 31000/ ਰੁਪਏ, ਨੈਨਸੀ ਰਾਣੀ ਪੁੱਤਰੀ ਸ੍ਰੀ ਰਾਮ ਕ੍ਰਿਸ਼ਨ ਵਾਸੀ ਫਿਰੋਜ਼ਪੁਰ ਨੂੰ ਦਸਵੀਂ ਕਲਾਸ ਵਿੱਚ ਪੰਜਾਬ ਭਰ ਵਿੱਚੋਂ ਟੋਪ ਕਰਨ 'ਤੇ 21000 ਰੁਪਏ, ਪ੍ਰੀਆ ਰਾਣੀ ਪੁੱਤਰੀ ਸੱਤਪਾਲ ਪ੍ਰਜਾਪਤੀ ਵਾਸੀ ਬਰੇਟਾ ਵੱਲੋਂ ਜਿਲਾ ਮਾਨਸਾ ਵਿੱਚ ਅਵੱਲ ਦਰਜ਼ਾ ਹਾਸਲ ਕਰਨ 'ਤੇ 21000/ ਰੁਪਏ, ਗੁਰਅੰਸ਼ ਸਿੰਘ ਪੁੱਤਰ ਰਾਜਕੁਮਾਰ ਸਿੰਘ ਵਾਸੀ ਤਰਨ ਤਾਰਨ ਵੱਲੋਂ ਜਿਹੜਾ ਸ੍ਰੀ ਤਰਨ ਤਾਰਨ ਸਾਹਿਬ ਵਿੱਚ ਦਸਵੀਂ ਕਲਾਸ ਵਿੱਚ ਅਵੱਲ ਦਰਜ਼ਾ ਹਾਸਲ ਕਰਨ 'ਤੇ 21000/ ਰੁਪਏ, ਕੁੰਮਹਾਰ ਸਮਾਜ ਦੇ ਰਾਮਚੰਦਰ ਲਖੇਸਰ ਵਾਸੀ ਪਿੰਡ ਧਰਾਂਗਵਾਲਾ ਤਹਿਸੀਲ ਅਬੋਹਰ ਜਿਲ੍ਹਾ ਫ਼ਾਜਿਲਕਾ ਨੂੰ ਮਾਊਂਟ ਐਵਰੈਸਟ ਦੀਆਂ ਉੱਚੀਆਂ ਪਹਾੜੀ ਚੋਟੀਆਂ ਅਤੇ ਸਾਊਥ ਅਫਰੀਕਾ ਦੀਆਂ ਸਭ ਤੋਂ ਉੱਚੀਆਂ ਚੋਟੀਆਂ 'ਤੇ ਭਾਰਤ ਦੇਸ਼ ਦਾ ਝੰਡਾ ਲਹਿਰਾਉਣ ਅਤੇ ਭਾਰਤ ਦਾ ਨਾਮ ਦੁਨੀਆਂ ਭਰ ਵਿੱਚ ਰੋਸ਼ਨ ਕਰਨ 'ਤੇ 21000 ਰੁਪਏ ਸਨਮਾਨ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਦੌਰਾਨ ਸੰਬੋਧਨ ਕਰਦਿਆਂ ਪ੍ਰਧਾਨ ਬਲਵਿੰਦਰ ਸਿੰਘ ਵੱਲੋਂ ਪੰਜਾਬ ਭਰ ਤੋਂ ਪਹੁੰਚੇ ਹੋਏ ਸਾਰੇ ਹੀ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਪਰਜਾਪਤੀ (ਕੁਮਹਾਰ) ਸਭਾ ਜਲੰਧਰ ਸਦਾ ਲੋਕ ਭਲਾਈ ਦੇ ਕੰਮ ਕਰਨ ਨੂੰ ਪਹਿਲ ਦੇ ਆਧਾਰ 'ਤੇ ਕਰਦੀ ਆ ਰਹੀ ਹੈ, ਪਰਜਾਪਤੀ ਸਮਾਜ ਦੇ ਚਮਕਦੇ ਸਿਤਾਰਿਆਂ ਨੂੰ ਸਨਮਾਨਿਤ ਕਰਨ 'ਤੇ ਆਪਣੇ ਆਪ ਨੂੰ ਫਖਰ ਮਹਿਸੂਸ ਕਰਦੇ ਹਨ। ਬਲਵਿੰਦਰ ਸਿੰਘ ਸ਼ਰੀਂਹ ਵੱਲੋਂ ਉਪਰੋਕਤ ਅਵਲ ਦਰਜਾ ਹਾਸਿਲ ਕਰਨ ਵਾਲੇ ਬੱਚਿਆਂ ਦੇ ਸਕੂਲਾਂ ਨੂੰ ਵੀ ਚਾਰ ਚਾਰ ਪੱਖੇ ਭੇਟ ਕੀਤੇ ਗਏ। ਬਲਵਿੰਦਰ ਸਿੰਘ ਪ੍ਰਧਾਨ ਵੱਲੋਂ ਐਲਾਨ ਕੀਤਾ ਗਿਆ ਕਿ ਭਵਿੱਖ ਵਿੱਚ ਪ੍ਰਜਾਪਤੀ ਸਮਾਜ ਦੇ ਕਿਸੇ ਵੀ ਵਿਦਿਆਰਥੀ ਜਾਂ ਖਿਡਾਰੀ ਨੂੰ ਪੜ੍ਹਾਈ ਲਈ ਅਤੇ ਖੇਡਾਂ ਦੌਰਾਨ ਆਰਥਿਕ ਸਹਾਇਤਾ ਦੀ ਜਰੂਰਤ ਪਈ ਤਾਂ ਪੰਜਾਬ ਪ੍ਰਜਾਪਤੀ (ਕੁੰਮਹਾਰ) ਸਭਾ ਹਰ ਤਰ੍ਹਾਂ ਦੀ ਮਾਲੀ ਸਹਾਇਤਾ ਕਰਨ ਲਈ ਤੱਤਪਰ ਤਿਆਰ ਹੈ। ਬਾਲ ਕ੍ਰਿਸ਼ਨ ਫੌਜੀ ਚੇਅਰਮੈਨ ਪ੍ਰਜਾਪਤੀ ਭਲਾਈ ਬੋਰਡ ਪੰਜਾਬ ਅਤੇ ਸ਼ਿਵਰਾਜ ਗੋਇਲ ਸਾਬਕਾ ਪ੍ਰਧਾਨ ਨਗਰ ਕੌਂਸਲ ਅਬੋਹਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਲੜਕੀਆਂ ਕਿਸੇ ਵੀ ਖੇਤਰ ਵਿੱਚ ਲੜਕਿਆਂ ਨਾਲੋਂ ਘੱਟ ਨਹੀਂ ਹਨ, ਖਾਸ ਕਰਕੇ ਸਿੱਖਿਆ ਦੇ ਖੇਤਰ ਵਿੱਚ ਲੜਕੀਆਂ ਅਵਲ ਨੰਬਰ ਹਾਸਲ ਕਰਕੇ ਆਪਣੇ ਮਾਤਾ ਪਿਤਾ ਆਪਣੇ ਸਕੂਲ ਦੇ ਅਧਿਆਪਕਾਂ ਅਤੇ ਆਪਣੇ ਸ਼ਹਿਰ ਦਾ ਨਾਮ ਪੂਰੇ ਪੰਜਾਬ ਵਿੱਚ ਰੋਸ਼ਨ ਕਰ ਰਹੀਆਂ ਹਨ। ਇਸ ਸਨਮਾਨ ਸਮਾਰੋਹ ਵਿੱਚ ਉਚੇਚੇ ਤੌਰ 'ਤੇ ਪੰਜਾਬ ਭਰ ਤੋਂ ਪਹੁੰਚੇ ਪ੍ਰਜਾਪਤੀ ਸਮਾਜ ਦੇ ਉੱਘੇ ਆਗੂ ਰਾਜਵਿੰਦਰ ਸਿੰਘ ਸੂਬਾ ਸਰਪ੍ਰਸਤ ਓਬੀਸੀ ਵੈਲਫੇਅਰ ਫਰੰਟ ਪੰਜਾਬ, ਸ਼ਿਵਦੇਵ ਸਿੰਘ ਵਹੇਗਲ, ਸ੍ਰੀ ਓਮ ਪ੍ਰਕਾਸ਼ ਜੀ ਪ੍ਰਜਾਪਤੀ ਕਾਰਜਕਾਰੀ ਪ੍ਰਧਾਨ ਰਾਸ਼ਟਰੀ ਪਿਛੜਾ ਵਰਗ ਮੋਰਚਾ ਪੰਜਾਬ, ਡਾ. ਧਵਨ ਕੁਮਾਰ ਪ੍ਰਿੰਸੀਪਲ ਜਿਲ੍ਹਾ ਪ੍ਰਧਾਨ ਪ੍ਰਜਾਪਤੀ (ਕੁੰਮਹਾਰ) ਮਹਾਂਸੰਘ ਪੰਜਾਬ ਜਿਲ੍ਹਾ ਫ਼ਰੀਦਕੋਟ, ਪੱਤਰਕਾਰ ਟਿੰਕੂ ਕੁਮਾਰ ਸਮਾਜਸੇਵੀ ਕੋਟਕਪੂਰਾ, ਡਾ. ਰਣਜੀਤ ਸਿੰਘ ਜੀ ਪ੍ਰਧਾਨ ਪ੍ਰਜਾਪਤੀ ਭਵਨ ਚੰਡੀਗੜ੍ਹ, ਸ੍ਰੀ ਪੂਰਨ ਚੰਦ ਜੀ ਜਿਲ੍ਹਾ ਪ੍ਰਧਾਨ ਓਬੀਸੀ ਅਧਿਕਾਰ ਚੇਤਨਾ ਮੰਚ ਪੰਜਾਬ ਜਿਲ੍ਹਾ ਫਿਰੋਜ਼ਪੁਰ, ਸ੍ਰੀਮਾਨ ਸਿੰਘ ਬਿੱਲੂ ਪ੍ਰਧਾਨ ਪ੍ਰਜਾਪਤੀ ਸਭਾ ਫਿਰੋਜ਼ਪੁਰ, ਸ੍ਰੀ ਰਮੇਸ਼ ਕੁਮਾਰ ਬਾਗੋਰੀਆ ਵਾਈਸ ਪ੍ਰਧਾਨ ਪ੍ਰਜਾਪਤੀ (ਕੁੰਮਹਾਰ) ਮਹਾਸੰਘ ਪੰਜਾਬ, ਸੀਤਾ ਰਾਮ ਤੇਲੂਪੁਰਾ ਜਿਲ੍ਹਾ ਪ੍ਰਧਾਨ ਫਿਰੋਜ਼ਪੁਰ, ਸ੍ਰੀ ਕ੍ਰਿਸ਼ਨ ਲਾਲ ਜੀ ਪ੍ਰਜਾਪਤੀ ਖਜਾਨਚੀ ਪ੍ਰਜਾਪਤੀ ਸਭਾ ਫਿਰੋਜ਼ਪੁਰ, ਮਾਸਟਰ ਸ੍ਰੀ ਰਾਜਿੰਦਰ ਜਲੰਧਰਾ ਮੈਂਬਰ ਪ੍ਰਜਾਪਤੀ ਭਲਾਈ ਬੋਰਡ ਪੰਜਾਬ, ਸ੍ਰੀ ਰਣਬੀਰ ਸਿੰਘ ਯੂਥ ਪ੍ਰਧਾਨ ਪ੍ਰਜਾਪਤੀ ਸਭਾ ਬਰੇਟਾ ਮੰਡੀ, ਸ੍ਰੀ ਜੈ ਚੰਦ ਜੀ ਪ੍ਰਧਾਨ ਪ੍ਰਜਾਪਤ ਸੇਵਾ ਸੋਸਾਇਟੀ ਮੋਗਾ, ਕੇਵਲ ਸਿੰਘ ਪ੍ਰਜਾਪਤੀ ਪ੍ਰਧਾਨ ਪ੍ਰਜਾਪਤੀ ਭਲਾਈ ਸਭਾ ਮਾਨਸਾ, ਹੰਸ ਰਾਜ ਜਿਲ੍ਹਾ ਪ੍ਰਧਾਨ ਪ੍ਰਜਾਪਤੀ (ਕੁੰਮਹਾਰ) ਮਹਾਸੰਘ ਪੰਜਾਬ ਜਿਲ੍ਹਾ ਫ਼ਾਜਿਲਕਾ, ਅਜੀਤ ਵਰਮਾ ਐਡਵੋਕੇਟ ਮੋਗਾ ਲੀਗਲ ਐਡਵਾਈਜ਼ਰ ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਮੋਗਾ, ਸ੍ਰੀ ਤਾਰਾ ਚੰਦ ਜੀ ਪ੍ਰਧਾਨ ਪਰਜਾਪਤੀ ਨੌਜਵਾਨ ਸੁਧਾਰ ਸੁਸਾਇਟੀ ਰਜਿ: ਸੁਰਗਾਪੁਰੀ ਕੋਟਕਪੂਰਾ, ਮੀਤ ਪ੍ਰਧਾਨ ਅਖਿਲ ਭਾਰਤੀਆ ਪ੍ਰਜਾਪਤੀ ਕੁੰਭਕਾਰ ਸੰਘ ਪੰਜਾਬ, ਪ੍ਰਜਾਪਤੀ ਸਮਾਜ ਦੇ ਚਿੰਤਕ ਸ੍ਰੀ ਲੱਛਮਣ ਦਾਸ ਜੀ ਪ੍ਰਜਾਪਤੀ ਸੇਵਾਮੁਕਤ ਐਸ.ਡੀ.ਓ. ਨਾਭਾ, ਦੇਸ ਰਾਜ ਪ੍ਰਜਾਪਤੀ ਅਬੋਹਰ, ਅਵਤਾਰ ਸਿੰਘ ਗਾਖ਼ਲ, ਗੁਰਪ੍ਰੀਤ ਸਿੰਘ ਸਿੱਧੂ ਏ ਸੀ ਪੀ ਸਪੈਸ਼ਲ ਬ੍ਰਾਂਚ ਸਿਟੀ ਜਲੰਧਰ, ਜਸਪਾਲ ਸਿੰਘ ਖੀਵਾ, ਜਸਵਿੰਦਰ ਸਿੰਘ ਜੱਸਾ, ਲੱਖਾ ਸਿੰਘ ਪ੍ਰਜਾਪਤੀ, ਓਮ ਪ੍ਰਕਾਸ਼ ਸੰਧਵਾ, ਅਮਰਜੀਤ ਪ੍ਰਜਾਪਤੀ ਪ੍ਰਧਾਨ ਜੈਤੋ, ਨਰੇਸ਼ ਕੁਮਾਰ ਫਿਰੋਜ਼ਪੁਰ, ਪਰਮਜੀਤ ਸਿੰਘ ਜਲਾਲਾਬਾਦ ਅਪਣੇ ਸਾਥੀਆਂ ਨਾਲ ਪਹੁੰਚ ਕੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੱਤਾ ਗਿਆ। ਇਸ ਮੌਕੇ ਪੰਜਾਬ ਭਰ ਤੋਂ ਪਹੁੰਚੇ ਪ੍ਰਜਾਪਤੀ ਸਮਾਜ ਦੇ ਆਗੂਆਂ, ਗੁਰਪ੍ਰੀਤ ਸਿੰਘ ਸਿੱਧੂ ਏ.ਸੀ.ਪੀ. ਸਪੈਸ਼ਲ ਬ੍ਰਾਂਚ ਸਿਟੀ ਜਲੰਧਰ, ਅਵਤਾਰ ਸਿੰਘ ਗਾਖ਼ਲ, ਪੱਤਰਕਾਰ ਸਵਰਨ ਟਹਿਣਾ ਦਾ ਪੰਜਾਬ ਪ੍ਰਜਾਪਤੀ (ਕੁੰਮਹਾਰ) ਸਭਾ ਰਜਿਸਟਰਡ ਜਲੰਧਰ ਦੇ ਪ੍ਰਧਾਨ ਬਲਵਿੰਦਰ ਸਿੰਘ ਸ਼ਰੀਂਹ ਸਰਪਰਸਤ ਸ਼ਿਵਦੇਵ ਸਿੰਘ ਵਹੇਗਲ ਅਤੇ ਸਮੁੱਚੀ ਟੀਮ ਵੱਲੋਂ ਸਨਮਾਨ ਚਿੰਨ ਅਤੇ ਦੁਸ਼ਾਲਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

## ਵਾਰਡ ਨੰਬਰ 6 ਤੋਂ ਸ਼ਰਧਾਲੂਆਂ ਦੀ ਬੱਸ ਧਾਰਮਿਕ ਅਸਥਾਨਾਂ ਲਈ ਕੀਤੀ ਰਵਾਨਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 11 ਮਈ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾ ਦੀ ਧਰਮ ਪਤਨੀ ਗੁਰਪ੍ਰੀਤ ਕੌਰ ਸੰਧਵਾਂ ਨੇ ਕੋਟਕਪੂਰਾ ਦੇ ਵਾਰਡ ਨੰਬਰ 6 ਪ੍ਰੇਮ ਨਗਰ ਤੋਂ ਸ਼ਰਧਾਲੂਆਂ ਦੀ ਦੂਸਰੀ ਬੱਸ ਧਾਰਮਿਕ ਅਸਥਾਨਾਂ ਦੇ ਦਰਸ਼ਨ ਲਈ ਰਵਾਨਾ ਕੀਤੀ। ਇਸ ਮੌਕੇ ਉਨ੍ਹਾਂ




ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੀ ਸੁਖਮਈ ਅਤੇ ਮੰਗਲਮਈ ਯਾਤਰਾ ਲਈ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਯੋਜਨਾ ਲੋਕਾਂ ਲਈ ਬਹੁਤ ਹੀ ਲਾਭਕਾਰੀ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਪੰਜਾਬ ਸਰਕਾਰ ਦੀ ਇੱਕ ਮਹੱਤਵਪੂਰਨ ਲੋਕ-ਭਲਾਈ ਯੋਜਨਾ ਹੈ, ਜਿਸ ਦੇ ਤਹਿਤ ਆਮ ਲੋਕਾਂ ਨੂੰ ਦੇਸ਼ ਦੇ ਵੱਖ-ਵੱਖ ਪ੍ਰਸਿੱਧ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦਾ ਮੌਕਾ ਮਿਲ ਰਿਹਾ ਹੈ। ਇਸ ਮੌਕੇ ਹੋਰਨਾ ਤੋਂ ਇਲਾਵਾ ਜ਼ਿਲ੍ਹਾ ਸੈਕਟਰੀ ਯੂਥ ਵਿੰਗ ਪ੍ਰਿੰਸ ਬਹਿਲ, ਸ਼ਮਿੰਦਰ, ਬਰਿੰਦਰ, ਹਰਮੇਲ, ਸੰਨੀ, ਅਨਮੋਲ, ਸਾਹਿਲ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਜ਼ਿਲ੍ਹੇ 'ਚ ਰਾਜਪੁਰਾ, ਨਾਭਾ, ਸਮਾਣਾ ਤੇ ਪਾਤੜਾਂ ਨਗਰ ਕੌਂਸਲ ਚੋਣਾਂ ਲਈ ਤਿਆਰੀਆਂ ਮੁਕੰਮਲ- ਦਮਨਜੀਤ ਸਿੰਘ ਮਾਨ

### ਚਾਰੇ ਸ਼ਹਿਰਾਂ ਦੀਆਂ 92 ਵਾਰਡਾਂ 'ਚ 228 ਪੋਲਿੰਗ ਬੂਥ ਸਥਾਪਿਤ, 2 ਲੱਖ 15 ਹਜਾਰ ਵੋਟਰ ਵੋਟਾਂ ਪਾਉਣਗੇ

### ਨਾਮਜ਼ਦਗੀ ਦਾਖ਼ਲ ਕਰਨ ਲਈ ਰਿਟਰਨਿੰਗ ਅਫ਼ਸਰ ਤਾਇਨਾਤ- ਏ.ਡੀ.ਸੀ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 11 ਮਈ : ਜ਼ਿਲ੍ਹਾ ਪਟਿਆਲਾ 'ਚ ਰਾਜਪੁਰਾ, ਨਾਭਾ, ਸਮਾਣਾ ਤੇ ਪਾਤੜਾਂ ਨਗਰ ਕੌਂਸਲ ਦੀਆਂ 92 ਵਾਰਡਾਂ 'ਚ 26 ਮਈ ਨੂੰ ਮਈ ਨੂੰ ਹੋਣ ਵਾਲੀਆਂ ਆਮ ਚੋਣਾਂ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਪ੍ਰਗਟਾਵਾ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਤੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਦਮਨਜੀਤ ਸਿੰਘ ਮਾਨ ਨੇ ਕੀਤਾ।

ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਅਧੀਨ ਮਿਉਂਸਪਲ ਕੌਂਸਲ ਨਾਭਾ ਅਧੀਨ 23 ਵਾਰਡਾਂ ਵਿੱਚ, ਮਿਉਂਸਪਲ ਕੌਂਸਲ ਪਾਤੜਾਂ ਅਧੀਨ 17 ਵਾਰਡਾਂ ਵਿੱਚ, ਮਿਉਂਸਪਲ ਕੌਂਸਲ ਰਾਜਪੁਰਾ ਅਧੀਨ 31 ਵਾਰਡਾਂ ਵਿੱਚ ਅਤੇ ਮਿਉਂਸਪਲ ਕਾਉਂਸਲ ਸਮਾਣਾ ਅਧੀਨ 21 ਵਾਰਡਾਂ ਵਿੱਚ ਚੋਣ ਕਰਵਾਈ ਜਾਣੀ ਹੈ। ਇਹਨਾਂ ਚੋਣਾਂ ਲਈ ਕੁੱਲ 228 ਬੂਥ ਸਥਾਪਿਤ ਕੀਤੇ ਗਏ ਹਨ ਅਤੇ ਇਸ ਵਿੱਚ ਤਕਰੀਬਨ 2 ਲੱਖ 15 ਹਜਾਰ ਵੋਟਰ ਭਾਗ ਲੈਣਗੇ। ਸਕੱਤਰ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਹੁਕਮਾਂ ਅਨੁਸਾਰ ਅਰਵਿੰਦਪਾਲ ਸਿੰਘ ਸੋਮਲ ਐਸ.ਡੀ.ਐਮ ਨਾਭਾ ਨੂੰ ਬਤੌਰ ਰਿਟਰਨਿੰਗ ਅਫਸਰ ਨਗਰ ਕੌਂਸਲ ਨਾਭਾ, ਕਾਲਾ ਰਾਮ ਕਾਂਸਲ ਐਸ.ਡੀ.ਐਮ ਪਾਤੜਾਂ ਨੂੰ ਬਤੌਰ ਰਿਟਰਨਿੰਗ ਅਫਸਰ ਨਗਰ ਕੌਂਸਲ ਪਾਤੜਾਂ, ਸੁਖਵਿੰਦਰ ਸਿੰਘ ਟਿਵਾਣਾ ਐਸ.ਡੀ.ਐਮ ਰਾਜਪੁਰਾ ਨੂੰ ਬਤੌਰ ਰਿਟਰਨਿੰਗ ਅਫਸਰ ਨਗਰ ਕੌਂਸਲ ਰਾਜਪੁਰਾ ਅਤੇ ਰਸ਼ਪਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਬਤੌਰ ਰਿਟਰਨਿੰਗ ਅਫਸਰ ਨਗਰ ਕੌਂਸਲ ਸਮਾਣਾ ਨਿਯੁਕਤ ਕੀਤਾ ਗਿਆ ਹੈ।

ਦਮਨਜੀਤ ਸਿੰਘ ਮਾਨ ਨੇ ਕਿਹਾ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਸ਼ਡਿਊਲ ਦੇ ਅਨੁਸਾਰ, ਇਨ੍ਹਾਂ ਚੋਣਾਂ ਲਈ ਉਮੀਦਵਾਰਾਂ ਦੁਆਰਾ ਨਾਮਜ਼ਦਗੀਆਂ ਦਾਖਲ ਕਰਨ ਦੀ ਮਿਆਦ 13.05.2026 (ਬੁੱਧਵਾਰ) (ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਦੇ ਵਿਚਕਾਰ) ਇਸ ਉਦੇਸ਼ ਲਈ ਨਿਰਧਾਰਤ ਸਬੰਧਤ ਰਿਟਰਨਿੰਗ ਅਫਸਰਾਂ ਦੇ ਦਫ਼ਤਰਾਂ ਵਿੱਚ ਸ਼ੁਰੂ ਹੋਵੇਗੀ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 16.05.20265 (ਸ਼ਨੀਵਾਰ) ਹੋਵੇਗੀ। ਨਾਮਜ਼ਦਗੀ ਪੱਤਰਾਂ ਦੀ ਜਾਂਚ 18.05.2026 (ਸੋਮਵਾਰ) ਨੂੰ ਹੋਵੇਗੀ। ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19.05.2026 (ਮੰਗਲਵਾਰ) (ਦੁਪਹਿਰ 03:00 ਵਜੇ ਤੱਕ) ਹੈ। ਸਾਰੇ ਨਾਮਜ਼ਦਗੀ ਫਾਰਮ ਨਿਰਧਾਰਤ ਹਲਫੀਆ ਬਿਆਨ ਦੇ ਨਾਲ ਹੋਣੇ ਚਾਹੀਦੇ ਹਨ, ਅਤੇ ਜੇਕਰ ਉਮੀਦਵਾਰ ਕਿਸੇ ਰਾਜਨੀਤਿਕ ਪਾਰਟੀ ਦੁਆਰਾ ਸਪਾਂਸਰ ਕੀਤਾ ਗਿਆ ਹੈ, ਤਾਂ ਸਬੰਧਤ ਰਾਜਨੀਤਿਕ ਪਾਰਟੀ ਦਾ ਅਧਿਕਾਰਤ ਪੱਤਰ ਹੋਣਾ ਲਾਜ਼ਮੀ ਹੈ। ਉਮੀਦਵਾਰਾਂ ਦੇ ਕੇਵਾਈਸੀ ਵੇਰਵੇ ਜ਼ਿਲ੍ਹਾ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਇਹ ਪੋਲਿੰਗ 26.05.2026 (ਮੰਗਲਵਾਰ) ਨੂੰ ਸਵੇਰੇ 08:00 ਵਜੇ ਤੋਂ ਸ਼ਾਮ 05:00 ਵਜੇ ਤੱਕ ਹੋਵੇਗੀ। ਪੋਲ ਹੋਈਆਂ ਵੋਟਾਂ ਦੀ ਗਿਣਤੀ 29.05.2026 (ਸ਼ੁੱਕਰਵਾਰ) ਨੂੰ ਗਿਣਤੀ ਕੇਂਦਰਾਂ 'ਤੇ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਨਿਗਰਾਨੀ ਹੇਠ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਇਨ੍ਹਾਂ ਚੋਣਾਂ ਨੂੰ ਨਿਰਪੱਖ, ਸੁਤੰਤਰ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ।

ਦਮਨਜੀਤ ਸਿੰਘ ਮਾਨ ਨੇ ਹੋਰ ਦੱਸਿਆ ਕਿ ਨਗਰ ਕੌਂਸਲਾਂ ਲਈ ਚੋਣ ਲੜ ਰਹੇ ਉਮੀਦਵਾਰ ਲਈ ਕਮਿਸ਼ਨ ਦੁਆਰਾ ਖਰਚ ਸੀਮਾ ਨਗਰ ਕੌਂਸਲਾਂ ਲਈ ਸ਼੍ਰੇਣੀ -ਏ ਲਈ 3,60,000 ਰੁਪਏ, ਸ਼੍ਰੇਣੀ ਬੀ 2,30,000 ਰੁਪਏ, ਸ਼੍ਰੇਣੀ ਸੀ 2,00,000 ਰੁਪਏ ਨਿਰਧਾਰਤ ਕੀਤੀ ਗਈ ਹੈ।

ਏ.ਡੀ.ਸੀ ਨੇ ਦੱਸਿਆ ਕਿ ਚੋਣ ਸ਼ਡਿਊਲ ਦੇ ਐਲਾਨ ਦੇ ਨਾਲ, ਸਾਰੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ, ਜਿੱਥੇ ਚੋਣਾਂ ਹੋਣ ਜਾ ਰਹੀਆਂ ਹਨ, ਆਦਰਸ਼ ਚੋਣ ਜ਼ਾਬਤਾ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ। ਇਹ ਚੋਣ ਪ੍ਰਕਿਰਿਆ ਦੇ ਪੂਰਾ ਹੋਣ ਤੱਕ ਲਾਗੂ ਰਹੇਗਾ।

## ਪਖੰਡੀ ਬਾਬਿਆਂ ਵੱਲੋਂ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਆਦਿ ਕਰਨ ਦੇ ਵਿਰੋਧ

### ਤਰਕਸ਼ੀਲ ਮੈਗਜ਼ੀਨ ਦਾ ਮਈ ਅੰਕ ਲੋਕ ਅਰਪਣ ਕੀਤਾ –ਸੁਰਿੰਦਰ ਪਾਲ

### ਵਿਗਿਆਨਕ ਸੋਚ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ -ਤਰਕਸ਼ੀਲ


ਵਰਲਡ ਪੰਜਾਬੀ ਟਾਈਮਜ਼



ਸੰਗਰੂਰ 11ਮਈ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਪ੍ਰਧਾਨਗੀ ਤੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਨਿਗਰਾਨੀ ਵਿੱਚ ਸੰਗਰੂਰ ਵਿਖੇ ਹੋਈ । ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਤਰਕਸ਼ੀਲ ਮੈਗਜ਼ੀਨ ਦੇ ਮਈ ਅੰਕ ਨੂੰ ਲੋਕ ਅਰਪਣ ਕੀਤਾ ਗਿਆ ਤੇ ਨਵੇਂ ਪਾਠਕ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਹਰੇਕ ਮੈਂਬਰ ਵੱਲੋਂ ਘੱਟੋ ਘੱਟ ਦੋ ਨਵੇ ਪਾਠਕ ਬਣਾਉਣ ਦੀ ਸਹਿਮਤੀ ਬਣੀ। ਪਿਛਲੇ ਦਿਨੀਂ ਇਕਾਈ ਕੋਲ ਤਿੰਨ ਦਿਨਾਂ ਲਈ ਆਈ ਤਰਕਸ਼ੀਲ ਸਾਹਿਤ ਵੈਨ ਲਈ ਜ਼ਿਮੇਵਾਰੀ ਨਿਭਾਉਣ ਵਾਲੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।ਜੋਨ ਸੰਗਰੂਰ ਵੱਲੋਂ 14 ਮਈ ਨੂੰ ਪਖੰਡੀ ਬਾਬਿਆਂ, ਅਖੌਤੀ ਸਿਆਣਿਆਂ, ਵਾਸਤੂਸ਼ਾਸਤਰੀਆਂ ਵੱਲੋਂ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਆਦਿ ਕਰਨ ਦੇ ਵਿਰੋਧ ਵਿੱਚ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਮੰਗ ਪੱਤਰ ਦੇਣ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿੱਚ ਪਿਛਲੇ ਦਿਨੀਂ ਹੋਈ ਸਾਲਾਨਾ ਇਕੱਤ੍ਰਤਾ ਦਾ ਰੀਵਿਊ ਕੀਤਾ ਗਿਆ। ਤਰਕਸ਼ੀਲ ਮੈਂਬਰਾਂ ਨੂੰ ਮੀਟਿੰਗਾਂ ਤੇ ਸਮਾਗਮਾਂ ਵਿੱਚ ਹਾਜ਼ਰੀ ਯਕੀਨੀ ਬਣਾਉਣ ਲਈ ਪ੍ਰੇਰਿਆ ਗਿਆ।ਮੀਟਿੰਗ ਵਿੱਚ ਲੋਕਾਂ ਨੂੰ ਅੰਧਵਿਸ਼ਵਾਸ, ਵਹਿਮ ਭਰਮ ਤੇ ਵੇਲਾ ਵਿਹਾਅ ਚੁੱਕੀਆਂ ਰਸਮਾਂ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਪਰਮਿੰਦਰ ਸਿੰਘ,ਗੁਰਦੀਪ ਸਿੰਘ, ਗੁਰਜੰਟ ਸਿੰਘ, ਕ੍ਰਿਸ਼ਨ ਸਿੰਘ,ਸੁਖਦੇਵ ਸਿੰਘ ਕਿਸ਼ਨਗੜ੍ਹ ਨੇ ਸ਼ਮੂਲੀਅਤ ਕੀਤੀ।

## ਪ੍ਰੋ. ਨਵ ਸੰਗੀਤ ਸਿੰਘ ਦੀ 18ਵੀਂ ਕਿਤਾਬ "ਜ਼ਿੰਦਗੀ ਦਾਅ ਤੇ" ਜਾਰੀ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ 11 ਮਈ : ਪੰਜਾਬੀ ਦੇ ਜਾਣੇ-ਪਛਾਣੇ ਅਨੁਵਾਦਕ, ਲੇਖਕ ਅਤੇ ਰੀਵਿਊਕਾਰ ਪ੍ਰੋ. ਨਵ ਸੰਗੀਤ ਸਿੰਘ ਵੱਲੋਂ ਹਿੰਦੀ ਤੋਂ ਅਨੁਵਾਦਿਤ ਇੱਕ ਨਾਵਲ 'ਜ਼ਿੰਦਗੀ ਦਾਅ 'ਤੇ' ਅੱਜ ਇੱਥੇ ਜਾਰੀ ਕੀਤਾ ਗਿਆ। ਪ੍ਰੈੱਸ ਨੂੰ ਜਾਰੀ ਇੱਕ ਬਿਆਨ ਵਿੱਚ ਉਨ੍ਹਾਂ ਨੇ ਦੱਸਿਆ ਕਿ ਇਹ ਉਨ੍ਹਾਂ ਦੀ 18ਵੀਂ ਕਿਤਾਬ ਹੈ, ਜੋ ਉਨ੍ਹਾਂ ਨੇ ਹਿੰਦੀ ਤੋਂ ਅਨੁਵਾਦ ਕੀਤੀ ਹੈ, ਜੋ ਕਿ ਅਸਲ ਵਿੱਚ ਆਸਟ੍ਰੀਅਨ ਲੇਖਕ ਸਟੈਫ਼ਨ ਜ਼ਵੇਗ ਦੀ ਲਿਖੀ ਹੋਈ ਹੈ। ਮੂਲ ਅੰਗਰੇਜ਼ੀ ਵਿੱਚ ਇਸ ਪੁਸਤਕ ਦਾ ਨਾਂ ਹੈ -"ਟਵੰਟੀ-ਫ਼ੋਰ ਆਵਰਜ਼ ਇਨ ਏ ਵੁਮੈਨ'ਜ਼ ਲਾਈਫ਼"। ਪ੍ਰੋ. ਸਿੰਘ ਨੇ ਦੱਸਿਆ ਕਿ ਸਟੈਫ਼ਨ ਜ਼ਵੇਗ (1881-1942) ਦਾ 1920-1930 ਤੱਕ ਦਾ ਸਮਾਂ ਉਹਦੇ ਸਾਹਿਤਕ ਜੀਵਨ ਦੇ ਸਿਖ਼ਰ ਦਾ ਦਹਾਕਾ ਸੀ। ਇਸ ਨਾਵਲ ਵਿੱਚ ਇਹ ਦੱਸਿਆ ਗਿਆ ਹੈ ਕਿ ਆਦਮੀ ਦੇ ਜੀਵਨ ਦੀ ਧਾਰਾ ਸਿੱਧ-ਪੱਧਰੀ ਧਰਤੀ ਤੇ ਵਹਿੰਦੀ-ਵਹਿੰਦੀ ਕਦੇ-ਕਦੇ ਅਜਿਹਾ ਮੋੜ ਲੈ ਲੈਂਦੀ ਹੈ ਕਿ ਉਹਦਾ ਸਮੁੱਚਾ ਅਸਤਿੱਤਵ ਹੀ ਬਦਲ ਜਾਂਦਾ ਹੈ ਅਤੇ ਉਹ ਪਲ ਉਹਦੀ ਸਮੁੱਚੀ ਜ਼ਿੰਦਗੀ ਤੇ ਹਮੇਸ਼ਾ ਲਈ ਛਾ ਜਾਂਦੇ ਹਨ। ਪੂਰੇ ਦਾ ਪੂਰਾ ਨਾਵਲ ਇੰਨਾ ਰੌਚਕ ਅਤੇ ਦਿਲ-ਟੁੰਬਵਾਂ ਹੈ ਕਿ ਨਾਵਲ ਖ਼ਤਮ ਹੋ ਜਾਣ ਤੇ ਵੀ ਪਾਠਕ ਦਾ ਮਨ ਕਾਫੀ ਚਿਰ ਤੱਕ ਉਸ ਵਿੱਚ ਖੁੱਭਿਆ ਰਹਿੰਦਾ ਹੈ। ਇਸ ਕਿਤਾਬ ਦੇ ਛੋਟੇ-ਛੋਟੇ ਕੁੱਲ 12 ਕਾਂਡ ਹਨ। ਸਿਰਫ਼ 86 ਪੰਨਿਆਂ ਦੇ ਇਸ ਨਾਵਲ ਨੂੰ ਸਾਹਿਤਯਸ਼ਿਲਾ ਪ੍ਰਕਾਸ਼ਨ, ਦਿੱਲੀ ਨੇ ਬੜੇ ਸੋਹਣੇ ਢੰਗ ਨਾਲ ਛਾਪਿਆ ਹੈ। ਜ਼ਿਕਰਯੋਗ ਹੈ ਕਿ ਪ੍ਰੋ ਸਿੰਘ, ਜੋ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਤੋਂ ਸੇਵਾਮੁਕਤ ਪ੍ਰੋਫ਼ੈਸਰ ਹਨ, ਨੇ ਇਸ ਤੋਂ ਪਹਿਲਾਂ 15 ਕਿਤਾਬਾਂ ਦੇ ਅਨੁਵਾਦ ਕੀਤੇ ਹਨ, ਇੱਕ ਕਿਤਾਬ ਦਾ ਲਿਪੀਅਂਤਰ ਕੀਤਾ ਹੈ ਤੇ ਇੱਕ ਆਲੋਚਨਾ ਦੀ ਕਿਤਾਬ ਲਿਖੀ ਹੈ। ਪ੍ਰੋ. ਸਿੰਘ ਨੂੰ ਉਨ੍ਹਾਂ ਦੀ ਇਸ ਨਵ-ਪ੍ਰਕਾਸ਼ਿਤ ਪੁਸਤਕ ਲਈ ਦੂਰੋਂ ਨੇੜਿਓਂ ਉਨ੍ਹਾਂ ਦੇ ਸ਼ੁਭਚਿੰਤਕਾਂ, ਵਿਦਿਆਰਥੀਆਂ ਦੇ ਵਧਾਈ ਸੰਦੇਸ਼ ਮਿਲ ਰਹੇ ਹਨ, ਜਿਨ੍ਹਾਂ ਵਿਚ ਮਨਪ੍ਰੀਤ ਕੌਰ, ਸ਼੍ਰੀਮਤੀ ਸੁਖਵਿੰਦਰ ਕੌਰ (ਚਨੋ), ਸ਼੍ਰੀਮਤੀ ਰੀਤੂ ਕਲਸੀ, ਇੰਜੀ. ਸਤਨਾਮ ਸਿੰਘ ਮੱਟੂ, ਖੋਜਾਰਥੀ ਰੀਨੂ ਕੌਰ, ਖੋਜਾਰਥੀ ਹਰਸਿਮਰਤ ਕੌਰ, ਸ ਮੱਲ ਸਿੰਘ ਤਲਵੰਡੀ ਸਾਬੋ ਆਦਿ ਸ਼ਾਮਲ ਹਨ।